[Organisation | Date]

Punjabi | ਪੰਜਾਬੀ

# ਸੁਰੱਖਿਆ ਵੀਜ਼ਾ

## ਸੰਖੇਪ ਸਾਰ



**Protection visas** ਬਾਰੇ ਗੱਲਬਾਤ ਨੂੰ ਬਦਲੋ

Australian Government





# ਭੂਮਿਕਾ

**ਸੁਰੱਖਿਆ ਵੀਜ਼ਾ ਕ਼੍Protection visaਜ(ਸਬਕਲਾਸ 866) ਅਸਲ ਪਨਾਹ ਮੰਗਣ ਵਾਲਿਆਂ ਲਈ ਹੈ ਜੋ ਆਪਣੇ ਦੇਸ਼ ਵਿੱਚ ਬਹੁਤ ਜਿਆਦਾ ਨੁਕਸਾਨ ਜਾਂ ਤਸ਼ੱਦਦ ਦੇ ਅਸਲ ਖ਼ਤਰੇ ਦਾ ਸਾਹਮਣਾ ਕਰ ਰਹੇ ਹਨ|**

ਆਸਟ੍ਰੇਲੀਆ ਦੀ ਸਰਕਾਰ ਨੇ ਲੋਕਾਂ ਨੂੰ Protection visas ਅਤੇ ਪ੍ਰੋਗਰਾਮ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰਨ ਦੇ ਨਤੀਜਿਆਂ ਬਾਰੇ ਜਾਗਰੂਕ ਕਰਨ ਲਈ ਇਕ ਮੁਹਿੰਮ ਸ਼ੁਰੂ ਕੀਤੀ ਹੈ।

ਆਸਟ੍ਰੇਲੀਆ ਅਤੇ ਵਿਦੇਸ਼ਾਂ ਵਿੱਚ ਰਹਿ ਰਹੇ ਭਾਰਤੀ ਨਾਗਰਿਕਾਂ ਸਮੇਤ ਸਾਰੇ ਭਾਈਚਾਰਿਆਂ ਵਿੱਚ Protection visas ਬਾਰੇ ਗ਼ਲਤ ਜਾਣਕਾਰੀ ਫ਼ੈਲ ਰਹੀ ਹੈ।

ਇਸ ਗ਼ਲਤ ਜਾਣਕਾਰੀ ਦੇ Protection visa ਬਿਨੈਕਾਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਗੰਭੀਰ ਨਤੀਜੇ ਹੋ ਸਕਦੇ ਹਨ।

ਮੁਹਿੰਮ ਦਾ ਉਦੇਸ਼ ਗ਼ਲਤ ਜਾਣਕਾਰੀ ਨੂੰ ਫ਼ੈਲਣ ਤੋਂ ਰੋਕਣ ਲਈ ਲੋੜੀਂਦੀ ਜਾਣਕਾਰੀ ਅਤੇ ਸਾਧਨ ਪ੍ਰਦਾਨ ਕਰਨਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਭਾਈਚਾਰਿਆਂ ਨੂੰ ਲੋੜੀਂਦੀ ਸਲਾਹ ਮਿਲੇ।

ਗ਼ਲਤ ਜਾਣਕਾਰੀ ਦਾ ਜਵਾਬ ਦੇਣ ਲਈ, ਗ੍ਰਹਿ ਮਾਮਲਿਆਂ ਦਾ ਵਿਭਾਗ, Protection visa ਲਈ ਅਰਜ਼ੀ ਦੇਣ ਬਾਰੇ ਸੋਚ ਰਹੇ ਕਿਸੇ ਵੀ ਵਿਅਕਤੀ ਨੂੰ ਮਾਹਰ ਸ਼ਰਨਾਰਥੀ ਅਤੇ ਇਮੀਗ੍ਰੇਸ਼ਨ ਕਾਨੂੰਨੀ ਪ੍ਰਦਾਤਿਆਂ ਤੋਂ ਮੁਫ਼ਤ ਕਾਨੂੰਨੀ ਸਲਾਹ ਤੱਕ ਪਹੁੰਚ ਪ੍ਰਦਾਨ ਕਰਵਾ ਰਿਹਾ ਹੈ।

ਇਹ ਸਲਾਹ ਲੋਕਾਂ ਨੂੰ ਇਹ ਪਤਾ ਲਗਾਉਣ ਵਿੱਚ ਮਦਦ ਕਰੇਗੀ ਕਿ ਕੀ ਉਹ Protection visa ਲਈ ਯੋਗ ਹੋ ਸਕਦੇ ਹਨ, ਅਤੇ ਕਿਸੇ ਗੈਰ-ਰਜਿਸਟਰਡ ਮਾਈਗ੍ਰੇਸ਼ਨ ਏਜੰਟ ਦੀ ਵਰਤੋਂ ਕਰਨ ਦੇ ਖ਼ਤਰਿਆਂ ਨੂੰ ਘੱਟ ਕਰਨਗੇ ਜੋ ਗ਼ਲਤ ਸਲਾਹ ਪ੍ਰਦਾਨ ਕਰ ਰਿਹਾ ਹੋ ਸਕਦਾ ਹੈ।

# Protection visas ਬਾਰੇ ਗ਼ਲਤ ਜਾਣਕਾਰੀ

**Protection visas ਅਸਲ ਪਨਾਹ ਮੰਗਣ ਵਾਲਿਆਂ (ਜਾਂ ਉਨ੍ਹਾਂ ਦੇ ਪਰਿਵਾਰ ਦੇ ਜੀਆਂ) ਲਈ ਹੁੰਦੇ ਹਨ ਜਿਨ੍ਹਾਂ ਬਹੁਤ ਜਿਆਦਾ ਨੁਕਸਾਨ ਝੱਲਣ ਦਾ ਅਸਲ ਖ਼ਤਰਾ ਹੁੰਦਾ ਹੈ ਜੇ ਉਹ ਆਪਣੇ ਦੇਸ਼ ਵਾਪਸ ਮੁੜਦੇ ਹਨ ਜਾਂ ਜਿਨ੍ਹਾਂ ਨਸਲ, ਧਰਮ, ਕੌਮੀਅਤਾ, ਕਿਸੇ ਵਿਸ਼ੇਸ਼ ਸਮਾਜਿਕ ਸਮੂਹ ਦੀ ਸਦਸਤਾ ਜਾਂ ਰਾਜਨੀਤਿਕ ਰਾਏ ਦੇ ਅਧਾਰ 'ਤੇ ਤਸ਼ੱਦਦ ਦਾ ਡਰ ਹੁੰਦਾ ਹੈ|**

Protection visa ਉਨ੍ਹਾਂ ਲੋਕਾਂ ਲਈ ਨਹੀਂ ਹੈ ਜੋ ਕੰਮ ਕਰਨ ਲਈ ਆਸਟ੍ਰੇਲੀਆ ਵਿੱਚ ਲੰਬੇ ਸਮੇਂ ਤੱਕ ਰਹਿਣਾ ਚਾਹੁੰਦੇ ਹਨ।

ਗੈਰ-ਰਜਿਸਟਰਡ ਮਾਈਗ੍ਰੇਸ਼ਨ ਸਲਾਹਕਾਰ ਜੋ ਸੋਸ਼ਲ ਮੀਡੀਆ ਅਤੇ ਔਨਲਾਈਨ ਚੈਟ ਗਰੁੱਪਾਂ ਵਿੱਚ ਆਪਣੀਆਂ ਸੇਵਾਵਾਂ ਦੀ ਮਸ਼ਹੂਰੀ ਕਰਦੇ ਹਨ, ਲੋਕਾਂ ਨੂੰ ਆਸਟ੍ਰੇਲੀਆ ਵਿੱਚ ਕੰਮ ਕਰਨ ਜਾਂ ਆਪਣੇ ਠਹਿਰਨ ਦੀ ਮਿਆਦ ਵਧਾਉਣ ਦੇ ਤਰੀਕੇ ਵਜੋਂ Protection visa ਦੀ ਵਰਤੋਂ ਕਰਨ ਲਈ ਕਹਿ ਰਹੇ ਹਨ।

ਇਹ ਸਲਾਹਕਾਰ ਬਿਨੈਕਾਰਾਂ ਨੂੰ ਸੁਰੱਖਿਆ ਵੀਜ਼ੇ ਲਈ ਅਰਜ਼ੀ ਦਿੰਦੇ ਸਮੇਂ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਅਤੇ ਝੂਠੇ ਦਸਤਾਵੇਜ਼ ਦੇਣ ਲਈ ਕਹਿ ਸਕਦੇ ਹਨ। ਕੁਝ ਲੋਕ ਇਸ ਗ਼ਲਤ ਸਲਾਹ ਲਈ ਹਜ਼ਾਰਾਂ ਡਾਲਰ ਲੈਂਦੇ ਹਨ।

ਆਸਟ੍ਰੇਲੀਆ ਵਿੱਚ, ਕਿਸੇ ਵਿਅਕਤੀ ਲਈ ਪ੍ਰਵਾਸ ਸਲਾਹ ਲਈ ਫ਼ੀਸ ਲੈਣਾ ਕਾਨੂੰਨ ਦੇ ਵਿਰੁੱਧ ਹੈ ਜਦੋਂ ਤੱਕ ਕਿ ਉਹ ਰਜਿਸਟਰਡ ਮਾਈਗ੍ਰੇਸ਼ਨ ਏਜੰਟ ਜਾਂ ਆਸਟ੍ਰੇਲੀਆ ਦਾ ਕਾਨੂੰਨੀ ਪ੍ਰੈਕਟੀਸ਼ਨਰ ਨਾ ਹੋਵੇ।

ਕੁਝ ਰੁਜ਼ਗਾਰਦਾਤੇ ਅਸਥਾਈ ਵੀਜ਼ਾ ਧਾਰਕਾਂ ਨੂੰ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਦੀ ਵਰਤੋਂ ਕਰਕੇ Protection visa ਲਈ ਅਰਜ਼ੀ ਦੇਣ ਲਈ ਕਹਿ ਕੇ ਆਸਟ੍ਰੇਲੀਆ ਵਿੱਚ ਨੌਕਰੀ ਦੇ ਮੌਕਿਆਂ ਦੀ ਪੇਸ਼ਕਸ਼ ਕਰ ਸਕਦੇ ਹਨ।

ਵਿਦਿਆਰਥੀਆਂ ਨੂੰ ਇਹ ਵੀ ਕਿਹਾ ਜਾ ਰਿਹਾ ਹੈ ਕਿ ਉਹ ਆਸਟ੍ਰੇਲੀਆ ਵਿੱਚ ਲੰਬੇ ਸਮੇਂ ਤੱਕ ਰਹਿ ਸਕਦੇ ਹਨ ਅਤੇ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਦੇ ਨਾਲ Protection visa ਲਈ ਅਰਜ਼ੀ ਦੇ ਕੇ ਕੰਮ ਕਰ ਸਕਦੇ ਹਨ।





# ਗ਼ਲਤ ਜਾਣਕਾਰੀ ਦੇ ਖ਼ਤਰੇ

**ਕਾਰਵਾਈ ਕਰਨ ਓਂਬ੍ਰੈਸਿੰਗਾਂਓਂਦੇ ਸਮੇਂ ਤੇਜ਼ ਕਰਨ ਲਈ Protection visa ਪ੍ਰਣਾਲੀ ਵਿੱਚ ਵੱਡੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ| ਇਸ ਦਾ ਮਤਲਬ ਇਹ ਹੈ ਕਿ ਜਿਹੜੇ ਲੋਕ ਆਸਟ੍ਰੇਲੀਆ ਵਿੱਚ ਕੰਮ ਕਰਨ ਜਾਂ ਆਪਣੇ ਠਹਿਰਨ ਦੀ ਮਿਆਦ ਵਧਾਉਣ ਲਈ Protection visa ਲਈ ਅਰਜ਼ੀ ਦਿੰਦੇ ਹਨ, ਉਨ੍ਹਾਂ ਜਲਦੀ ਇਨਕਾਰ ਕਰ ਦਿੱਤਾ ਜਾਵੇਗਾ|**

ਜ਼ਿਆਦਾਤਰ ਨਵੀਆਂ Protection visa ਅਰਜ਼ੀਆਂ ਦਾ ਫੈਸਲਾ ਹੁਣ ਪਿਛਲੇ ਕੁਝ ਸਾਲਾਂ ਦੇ ਮੁਕਾਬਲੇ **ਲਗਭਗ ) ਗੁਣਾ ਤੇਜ਼ੀ ਨਾਲ** ਕੀਤਾ ਜਾ ਰਿਹਾ ਹੈ। ਜਿਹੜੇ ਲੋਕ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਦੇ ਨਾਲ Protection visa ਦੀ ਅਰਜ਼ੀ ਜਮ੍ਹਾਂ ਕਰਦੇ ਹਨ, ਉਨ੍ਹਾਂ ਨੂੰ ਗੰਭੀਰ ਨਤੀਜਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਵਿੱਚ ਵੱਡੇ ਜੁਰਮਾਨੇ ਅਤੇ ਸੰਭਾਵਿਤ ਜੇਲ੍ਹ ਦੀ ਸਜ਼ਾ ਸ਼ਾਮਲ ਹੈ।

Protection visa ਦੀ ਨਾਕਾਮਯਾਬ ਅਰਜ਼ੀ ਕਿਸੇ ਵਿਅਕਤੀ ਦੇ ਇਮੀਗ੍ਰੇਸ਼ਨ ਰਿਕਾਰਡ 'ਤੇ ਰਹਿੰਦੀ ਹੈ। ਇਸ ਦਾ ਮਤਲਬ ਇਹ ਹੈ ਕਿ ਬਿਨੈਕਾਰ ਅਤੇ ਉਨ੍ਹਾਂ ਦੇ ਪਰਿਵਾਰ ਲਈ ਕਦੇ ਵੀ ਆਸਟ੍ਰੇਲੀਆ ਵਾਪਸ ਆਉਣਾ ਮੁਸ਼ਕਿਲ ਹੋ ਸਕਦਾ ਹੈ, ਇੱਥੋਂ ਤੱਕ ਕਿ ਵਿਜ਼ਟਰ, ਵਿਦਿਆਰਥੀ ਜਾਂ ਅਸਥਾਈ ਵਰਕ ਵੀਜ਼ਾ 'ਤੇ ਵੀ।

ਇਹ ਦੁਨੀਆ ਭਰ ਦੇ ਹੋਰ ਦੇਸ਼ਾਂ ਲਈ ਭਵਿੱਖ ਦੀਆਂ ਵੀਜ਼ਾ ਅਰਜ਼ੀਆਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ, ਜੋ ਬਿਨੈਕਾਰ ਦੇ ਵੀਜ਼ਾ ਦੀ ਕਿਸਮ 'ਤੇ ਨਿਰਭਰ ਕਰਦਾ ਹੈ।

ਨਾਕਾਮਯਾਬ Protection visa ਦੇ ਬਿਨੈਕਾਰ ਜ਼ਿਆਦਾਤਰ ਹੋਰ ਵੀਜ਼ਾ ਲਈ ਅਰਜ਼ੀ ਨਹੀਂ ਦੇ ਸਕਦੇ ਅਤੇ ਉਨ੍ਹਾਂ ਨੂੰ ਆਸਟ੍ਰੇਲੀਆ ਛੱਡ ਕੇ ਜਾਣਾ ਪਵੇਗਾ। ਜੇ ਉਨ੍ਹਾਂ ਕੋਲ ਵੈਧ ਵੀਜ਼ਾ ਨਹੀਂ ਹੈ ਤਾਂ ਉਨ੍ਹਾਂ ਨੂੰ Australian Border Force (ਆਸਟ੍ਰੇਲੀਆ ਦੀ ਬਾਰਡਰ ਫੋਰਸ) ਦੁਆਰਾ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ ਅਤੇ ਬਾਹਰ ਕੱਢਿਆ ਜਾ ਸਕਦਾ ਹੈ। ਬਿਨੈਕਾਰ ਨੂੰ ਉਨ੍ਹਾਂ ਨੂੰ ਬਾਹਰ ਕੱਢਣ ਦੀ ਲਾਗਤ ਵੀ ਵਾਪਸ ਕਰਨੀ ਪੈ ਸਕਦੀ ਹੈ, ਜੋ ਹਜ਼ਾਰਾਂ ਡਾਲਰ ਹੋ ਸਕਦੀ ਹੈ।

ਇਸ ਸਾਲ, Australian Border Force ਨੇ Protection visa ਦੇ ਨਾਕਾਮਯਾਬ ਬਿਨੈਕਾਰਾਂ ਨੂੰ ਹਿਰਾਸਤ ਵਿੱਚ ਲੈਣ ਅਤੇ ਉਨ੍ਹਾਂ ਨੂੰ ਆਸਟ੍ਰੇਲੀਆ ਤੋਂ ਕੱਢਣ ਲਈ ਨਵੀਂ ਕਾਰਵਾਈ ਸ਼ੁਰੂ ਕੀਤੀ ਸੀ। ਇਹ ਕਾਰਵਾਈ ਲਗਾਤਾਰ ਚੱਲਦੀ ਰਹੇਗੀ।

# ਤੁਸੀਂ ਕਿਵੇਂ ਮਦਦ ਕਰ ਸਕਦੇ ਹੋ

**ਸਫ਼ਲ ਵੀਜ਼ਾ ਅਰਜ਼ੀਆਂ ਨਾਲੋਂ ਵੱਡੀ ਗਿਣਤੀ ਵਿੱਚ ਅਸਫ਼ਲ Protection visa ਅਰਜ਼ੀਆਂ ਹਨ, ਅਤੇ ਭਾਰਤੀ ਬਿਨੈਕਾਰਾਂ ਦੀ ਅਰਜ਼ੀ ਨਾਕਾਮਯਾਬ ਹੋਣ ਦੀ ਦਰ ਸਭ ਤੋਂ ' ਚੀ ਹੈ|**

ਭਾਰਤੀ ਨਾਗਰਿਕਾਂ ਦੀਆਂ Protection visa ਅਰਜ਼ੀਆਂ ਵਿੱਚ ਇਨਕਾਰ ਕਰਨ ਦੀ ਦਰ ਸਭ ਤੋਂ ਵੱਧ ਹੈ। ਸਾਲ 2023-24 'ਚ 97% ਭਾਰਤੀ ਅਰਜ਼ੀਆਂ ਲੋੜਾਂ ਪੂਰੀਆਂ ਨਹੀਂ ਕਰ ਸਕੀਆਂ ਅਤੇ ਉਨ੍ਹਾਂ ਨੂੰ ਇਨਕਾਰ ਕਰ ਦਿੱਤਾ ਗਿਆ।

ਆਸਟ੍ਰੇਲੀਆ ਵਿੱਚ Protection visa ਲਈ ਅਰਜ਼ੀ ਦੇਣ ਬਾਰੇ ਸੋਚਣ ਵਾਲਿਆਂ ਨੂੰ ਗਲਤ ਜਾਣਕਾਰੀ ਫ਼ੈਲਣ ਤੋਂ ਰੋਕਣ ਵਿੱਚ ਭਾਈਚਾਰਿਆਂ ਅਤੇ ਸੰਸਥਾਵਾਂ ਦੀ ਮਹੱਤਵਪੂਰਣ ਭੂਮਿਕਾ ਹੈ।

ਇਸ ਵਿੱਚ ਵੀਜ਼ੇ ਦੀ ਅਰਜ਼ੀ ਵਿੱਚ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਜਮ੍ਹਾਂ ਕਰਨ ਅਤੇ ਗੈਰ-ਰਜਿਸਟਰਡ ਮਾਈਗ੍ਰੇਸ਼ਨ ਸਲਾਹਕਾਰ ਦੀ ਵਰਤੋਂ ਕਰਨ ਦੇ ਖ਼ਤਰਿਆਂ ਬਾਰੇ ਜਾਗਰੂਕਤਾ ਫ਼ੈਲਾਉਣਾ ਸ਼ਾਮਲ ਹੈ।

ਸੰਭਾਵਿਤ ਬਿਨੈਕਾਰਾਂ ਨੂੰ ਦੱਸੋ ਕਿ Protection visa ਅਸਲ ਪਨਾਹ ਮੰਗਣ ਵਾਲਿਆਂ ਲਈ ਹਨ - ਉਹ ਉਨ੍ਹਾਂ ਲੋਕਾਂ ਲਈ ਨਹੀਂ ਹਨ ਜੋ ਕੰਮ ਕਰਨ ਲਈ ਆਸਟ੍ਰੇਲੀਆ ਵਿਚ ਲੰਬੇ ਸਮੇਂ ਤੱਕ ਰਹਿਣਾ ਚਾਹੁੰਦੇ ਹਨ।

ਜੇ Protection visa ਲਈ ਅਰਜ਼ੀ ਦੇਣ ਵਾਲਾ ਕੋਈ ਵਿਅਕਤੀ ਤੁਹਾਨੂੰ ਉਨ੍ਹਾਂ ਲਈ ਸਹਾਇਤਾ ਵਾਲੀ ਚਿੱਠੀ ਲਿਖਣ ਲਈ ਕਹਿੰਦਾ ਹੈ, ਤਾਂ ਤੁਹਾਨੂੰ ਇਹ ਕੇਵਲ ਤਾਂ ਹੀ ਕਰਨਾ ਚਾਹੀਦਾ ਹੈ ਜੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਅਸਲ ਪਨਾਹ ਮੰਗਣ ਵਾਲੇ ਹਨ – ਇਸ ਦਾ ਮਤਲਬ ਹੈ ਕਿ ਉਹ ਮਹੱਤਵਪੂਰਣ ਨੁਕਸਾਨ ਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਹਨ ਜਾਂ ਜੇ ਉਹ ਆਪਣੇ ਦੇਸ਼ ਵਾਪਸ ਮੁੜਦੇ ਹਨ ਤਾਂ ਸੱਚਮੁੱਚ ਤਸ਼ੱਦਦ ਦਾ ਡਰ ਹੈ।

ਉਨ੍ਹਾਂ ਨੂੰ ਆਪਣੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ ਕਿਸੇ ਮਾਹਰ ਸ਼ਰਨਾਰਥੀ ਅਤੇ ਇਮੀਗ੍ਰੇਸ਼ਨ ਕਾਨੂੰਨੀ ਪ੍ਰਦਾਤੇ ਤੋਂ ਮੁਫ਼ਤ ਕਾਨੂੰਨੀ ਸਲਾਹ ਤੱਕ ਪਹੁੰਚ ਕਰਨ ਲਈ ਉਤਸ਼ਾਹਿਤ ਕਰੋ।

# ਤੁਸਗ੍ਕਿਵਫ਼੍ਦਦ ਕਰ ਸਕਦੇ ਹੋ

**Protection visa ਲਈ ਅਰਜ਼ੀ ਦੇਣ ਬਾਰੇ ਸੋਚਣ ਵਾਲੇ ਬਹੁਤ ਸਾਰੇ ਲੋਕ ਇਸ ਤੋਂ ਜਾਣੂ ਨਹੀਂ ਹਨ ਜਾਂ ਇਹ ਨਹੀਂ ਸਮਝਦੇ ਕਿ ਜੇ ਉਹ ਉਸ ਦੇਸ਼ ਦੀ ਯਾਤਰਾ ਕਰਦੇ ਹਨ ਜਿਸ ਤੋਂ ਉਹ ਆਸਟ੍ਰੇਲੀਆ ਵਿੱਚ ਸੁਰੱਖਿਆ ਦੀ ਮੰਗ ਕਰ ਰਹੇ ਹਨ ਤਾਂ ਬੁਰੇ ਨਤੀਜੇ ਹੋ ਸਕਦੇ ਹਨ|**

ਜਾਂਚ ਕਰੋ ਕਿ ਸੰਭਵ Protection visa ਬਿਨੈਕਾਰ ਸਮਝਦੇ ਹਨ ਕਿ:

- ਜੇ ਉਹ Protection visa ਲਈ ਅਰਜ਼ੀ ਦਾਇਰ ਕਰਦੇ ਹਨ, ਤਾਂ ਉਹ ਉਸ ਦੇਸ਼ ਦੀ ਯਾਤਰਾ ਕਰਨ ਦੇ ਯੋਗ ਨਹੀਂ ਹੋ ਸਕਦੇ ਜਿਸ ਤੋਂ ਉਹ ਆਸਟ੍ਰੇਲੀਆ ਵਿੱਚ ਸੁਰੱਖਿਆ ਦੀ ਮੰਗ ਕਰ ਰਹੇ ਹਨ, ਭਾਵੇਂ ਉਨ੍ਹਾਂ ਦਾ ਪਰਿਵਾਰ ਉੱਥੇ ਸਥਿਤ ਹੋਵੇ।
- ਜੇ ਉਨ੍ਹਾਂ ਨੂੰ Protection visa ਦੇ ਦਿੱਤਾ ਜਾਂਦਾ ਹੈ, ਤਾਂ ਉਹ ਆਸਟ੍ਰੇਲੀਆ ਦੀ ਸਰਕਾਰ ਦੀ ਇਜਾਜ਼ਤ ਤੋਂ ਬਿਨਾਂ ਉਸ ਦੇਸ਼ ਦੀ ਯਾਤਰਾ ਨਹੀਂ ਕਰ ਸਕਦੇ ਜਿੱਥੋਂ ਉਨ੍ਹਾਂ ਨੇ ਪਨਾਹ ਮੰਗੀ ਹੈ, ਭਾਵੇਂ ਉਨ੍ਹਾਂ ਦਾ ਪਰਿਵਾਰ ਉਥੇ ਰਹਿੰਦਾ ਹੈ।

Protection visa ਲਈ ਅਰਜ਼ੀ ਦੇਣ 'ਤੇ ਵਿਚਾਰ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਆਪਣੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ ਮਾਹਰ ਸ਼ਰਨਾਰਥੀ ਅਤੇ ਇਮੀਗ੍ਰੇਸ਼ਨ ਕਾਨੂੰਨੀ ਪ੍ਰਦਾਤਿਆਂ ਕੋਲੋਂ ਮੁਫ਼ਤ ਕਾਨੂੰਨੀ ਸਲਾਹ ਤੱਕ ਪਹੁੰਚ ਕਰਨ ਲਈ ਉਤਸ਼ਾਹਿਤ ਕਰੋ।

ਇਹ ਸਲਾਹ ਸੰਭਾਵਿਤ ਬਿਨੈਕਾਰਾਂ ਨੂੰ ਇਹ ਪਤਾ ਲਗਾਉਣ ਵਿੱਚ ਮਦਦ ਕਰ ਸਕਦੀ ਹੈ ਕਿ ਕੀ ਉਹ Protection visa ਲਈ ਯੋਗ ਹੋ ਸਕਦੇ ਹਨ, ਅਰਜ਼ੀ ਪ੍ਰਕਿਰਿਆ ਨੂੰ ਸਮਝਾ ਸਕਦੀ ਹੈ ਅਤੇ ਜੇ ਉਨ੍ਹਾਂ ਦੀ Protection visa ਅਰਜ਼ੀ ਰੱਦ ਕਰ ਦਿੱਤੀ ਜਾਂਦੀ ਹੈ ਤਾਂ ਮਾੜੇ ਨਤੀਜਿਆਂ ਨੂੰ ਸਮਝਣ ਵਿੱਚ ਉਨ੍ਹਾਂ ਦੀ ਮਦਦ ਕਰ ਸਕਦੀ ਹੈ।

# ਆਸਟ੍ਰੇਲੀਆ ਦੀ ਸਰਕਾਰ ਤੁਹਾਡੇ ਭਾਈਚਾਰੇ ਦੀ ਕਿਵੇਂ ਮਦਦ ਕਰ ਸਕਦੀ ਹੈ

**ਅਸੀਂ ਤੁਹਾ Protection visa ਵਾਸਤੇ ਅਰਜ਼ੀ ਦੇਣ ਬਾਰੇ ਵਿਚਾਰ ਕਰਨ ਵਾਲੇ ਕਿਸੇ ਵੀ ਵਿਅਕਤੀ ਨਾਲ ਹੇਠ ਲਿਖੇ ਸੁਨੇਹੇ ਸਾਂਝੇ ਕਰਨ ਲਈ ਉਤਸ਼ਾਹਿਤ ਕਰਦੇ ਹਾਂ:**

1. ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਆਸਟ੍ਰੇਲੀਆ ਸਰਕਾਰ ਦੀ ਅਧਿਕਾਰਤ ਵੈੱਬਸਾਈਟ 'ਤੇ ਜਾਓ।
2. ਆਪਣੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ ਮਾਹਰ ਸ਼ਰਨਾਰਥੀ ਅਤੇ ਇਮੀਗ੍ਰੇਸ਼ਨ ਕਾਨੂੰਨੀ ਪ੍ਰਦਾਤਿਆਂ ਕੋਲੋਂ ਮੁਫ਼ਤ ਕਾਨੂੰਨੀ ਸਲਾਹ ਤੱਕ ਪਹੁੰਚ ਕਰੋ।
3. ਮਾਈਗ੍ਰੇਸ਼ਨ ਏਜੰਟਾਂ ਦੀ ਰਜਿਸਟ੍ਰੇਸ਼ਨ ਦੇ ਦਫ਼ਤਰ ਤੋਂ ਜਾਂਚ ਕਰਕੇ ਰਜਿਸਟਰਡ ਮਾਈਗ੍ਰੇਸ਼ਨ ਏਜੰਟ ਦੀ ਭਾਲ ਕਰੋ।
4. ਆਪਣੇ ਆਪ ਨੂੰ ਅਤੇ ਆਪਣੇ ਭਾਈਚਾਰੇ ਨੂੰ ਸੁਰੱਖਿਅਤ ਰੱਖੋ। ਗੁਪਤ ਤੌਰ 'ਤੇ Australia’s Border Watch (ਆਸਟ੍ਰੇਲੀਆ ਦੀ ਬਾਰਡਰ ਵਾਚ) ਨੂੰ ਗੈਰ-ਕਾਨੂੰਨੀ ਪ੍ਰਵਾਸ ਸਲਾਹਕਾਰਾਂ ਦੀ ਰਿਪੋਰਟ ਕਰੋ।
5. ਪਤਾ ਕਰੋ ਕਿ ਕੀ ਕਿਸੇ ਹੋਰ ਵੀਜ਼ੇ ਦੀ ਚੋਣ ਤੁਹਾਡੇ ਲਈ ਉਚਿਤ ਹੋ ਸਕਦੀ ਹੈ।

ਗ੍ਰਹਿ ਮਾਮਲਿਆਂ ਦੇ ਵਿਭਾਗ ਨੇ ਪੋਸਟਰ, ਤੱਥ ਸ਼ੀਟਾਂ, ਸੋਸ਼ਲ ਮੀਡੀਆ ਟਾਈਲਾਂ ਅਤੇ ਹੋਰ ਸਮੱਗਰੀ ਤਿਆਰ ਕੀਤੀ ਹੈ ਜਿਸ ਦੀ ਵਰਤੋਂ ਤੁਸੀਂ ਆਪਣੇ ਭਾਈਚਾਰਿਆਂ ਨੂੰ Protection visas ਬਾਰੇ ਸੂਚਿਤ ਕਰਨ ਵਿੱਚ ਮਦਦ ਕਰਨ ਲਈ ਕਰ ਸਕਦੇ ਹੋ।

ਤੁਸੀਂ ਇਹਨਾਂ ਤੱਕ ਇੱਥੇ ਪਹੁੰਚ ਕਰ ਸਕਦੇ ਹੋ



# ਮਾੜੀਆਂ ਸੋਸ਼ਲ ਮੀਡੀਆ ਟਿੱਪਣੀਆਂ ਦਾ ਜਵਾਬ ਕਿਵੇਂ ਦੇਣਾ ਹੈ, ਇਸ ਬਾਰੇ ਸਲਾਹ

**ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਗਰੁੱਪਾਂ ਵਿੱਚ ਆਸਟ੍ਰੇਲੀਆ ਅਤੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ Protection visas ਪ੍ਰਦਾਨ ਕੀਤੇ ਜਾਣ ਬਾਰੇ ਬਹੁਤ ਸਾਰੀਆਂ ਗ਼ਲਤ ਜਾਣਕਾਰੀਆਂ ਹਨ|**

ਜੇ ਤੁਸੀਂ ਔਨਲਾਈਨ ਫੋਰਮਾਂ ਜਾਂ ਗਰੁੱਪਾਂ ਵਿੱਚ Protection visas ਬਾਰੇ ਗ਼ਲਤ ਜਾਣਕਾਰੀ ਸਾਂਝੀ ਹੁੰਦੇ ਵੇਖਦੇ ਹੋ, ਤਾਂ ਤੁਹਾਡੇ ਕੋਲ ਇਸ ਨੂੰ ਗ਼ਲਤ ਜਾਣਕਾਰੀ ਵਜੋਂ ਪਛਾਣਨ ਅਤੇ ਅਧਿਕਾਰਤ ਲਿੰਕ ਸਮੇਤ ਇਸ ਹਥਲੇ ਦਸਤਾਵੇਜ਼ ਵਿੱਚ ਸਾਂਝੀ ਕੀਤੀ ਸਹੀ ਜਾਣਕਾਰੀ ਨੂੰ ਉਤਸ਼ਾਹਿਤ ਕਰਨ ਦਾ ਮਹੱਤਵਪੂਰਨ ਮੌਕਾ ਹੈ - homeaffairs.gov.au/protection

ਜੇ ਕੋਈ Protection visa ਦੀ ਅਰਜ਼ੀ ਵਿੱਚ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਪੇਸ਼ ਕਰਦਾ ਹੈ ਜਾਂ ਕਿਸੇ ਗੈਰ-ਰਜਿਸਟਰਡ ਮਾਈਗ੍ਰੇਸ਼ਨ ਸਲਾਹਕਾਰ ਦੀ ਵਰਤੋਂ ਕਰਦਾ ਹੈ ਤਾਂ ਪੈਦਾ ਹੋਏ ਖ਼ਤਰਿਆਂ ਬਾਰੇ ਜਾਗਰੂਕਤਾ ਫ਼ੈਲਾ ਕੇ ਆਪਣੇ ਆਪ ਨੂੰ ਅਤੇ ਆਪਣੇ ਭਾਈਚਾਰੇ ਨੂੰ ਸੁਰੱਖਿਅਤ ਰੱਖੋ।

ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਸੰਭਾਵਿਤ ਬਿਨੈਕਾਰਾਂ ਨੂੰ ਪਹਿਲੇ ਕਦਮ ਵਜੋਂ ਮੁਫ਼ਤ ਕਾਨੂੰਨੀ ਸਲਾਹ ਤੱਕ ਪਹੁੰਚ ਕਰਨ ਲਈ ਉਤਸ਼ਾਹਿਤ ਕਰੋ।

[Organisation | Date]

Punjabi | ਪੰਜਾਬੀ

ਹਿੱਸਾ ਲੈਣ ਲਈ

# ਤੁਹਾਡਾ ਧੰਨਵਾਦ



Protection visas ਬਾਰੇ ਗੱਲਬਾਤ ਨੂੰ ਬਦਲੋ

Australian Government